# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 14-02-2025**

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਔਰਤਾਂ ਨੂੰ ਵੱਡੇ ਸੁਪਨੇ ਦੇਖਣ ਅਤੇ ਉਨਾਂ ਨੂੰ ਹਕੀਕਤ'ਚ ਬਦਲਣ ਲਈ ਹਿੰਮਤ, ਤਾਕਤ ਅਤੇ ਸਮਰੱਥਾ ਇਕੱਠੀ ਕਰਨ ਦੀ ਕੀਤੀ ਅਪੀਲ।
- ਲੋਕ ਸਭਾ ਸਪੀਕਰ ਓਮ ਬਿਰਲਾ ਨੇ ਚੰਡੀਗੜ੍ਹ ਵਿੱਚ, ਹਰਿਆਣਾ ਵਿਧਾਨ ਸਭਾ ਦੇ ਮੈਂਬਰਾਂ ਲਈ ਇੱਕ ਓਰੀਐਂਟੇਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।
- ਰਾਸ਼ਟਰੀ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਸੰਸਥਾਨ ਰੂਪਨਗਰ ਵਿਖੇ ਸੰਚਾਰ, ਇਲੈਕਟ੍ਰਾਨਿਕਸ ਅਤੇ ਡਿਜੀਟਲ ਕਨਾਲੋਜੀਆਂ 'ਤੇ ਤੀਜੀ, ਦੋ ਦਿਨਾਂ ਅੰਤਰ-ਰਾਸ਼ਟਰੀ ਕਾਨਫਰੰਸ ਅੱਜ ਤੋਂ ਸ਼ੁਰੂ ਹੋਈ।

- ਪੰਜਾਬ ਪੁਲਿਸ ਨੇ ਇੱਕ ਨਸ਼ਾ ਤਸਕਰ ਤੋਂ ਇਸ ਸਾਲ ਦੀ ਹੁਣ ਤਕ ਦੀ ਸਬ ਤੋਂ ਵਡੀ 30 ਕਿਲੋ ਹੈਰੋਇਨ ਦੀ ਖੇਪ ਕੀਤੀ ਬਰਾਮਦ ।
- ਦੇਸ਼ ਅੱਜ ਪੁਲਵਾਮਾ ਹਮਲੇ ਵਿੱਚ ਸ਼ਹੀਦ ਹੋਏ ਜਵਾਨਾਂ ਨੂੰ ਯਾਦ ਕਰ ਰਿਹਾ ਏ- ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ, ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ।
- 38ਵੀਂ ਰਾਸ਼ਟਰੀ ਖੇਡਾਂ ਅੱਜ ਉਤਰਾਖੰਡ ਦੇ ਹਲਦਵਾਨੀ ਵਿੱਚ ਹੋਈਆਂ ਸਮਾਪਤ ।

---

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਅੱਜ ਔਰਤਾਂ ਨੂੰ ਵੱਡੇ ਸੁਪਨੇ ਦੇਖਣ ਅਤੇ ਉਨਾਂ ਨੂੰ ਹਕੀਕਤ’ਚ ਬਦਲਣ ਲਈ ਹਿੰਮਤ, ਤਾਕਤ ਅਤੇ ਸਮਰੱਥਾ ਇਕੱਠੀ ਕਰਨ ਦੀ ਅਪੀਲ ਕੀਤੀ। ਰਾਸ਼ਟਰਪਤੀ ਬੈਂਗਲੁਰੂ ਵਿੱਚ ਆਰਟ ਆਫ਼ ਲਿਵਿੰਗ ਇੰਟਰਨੈਸ਼ਨਲ ਸੈਂਟਰ ਵੱਲੋਂ ਕਰਾਈ ਗਈ 10ਵੀਂ ਅੰਤਰਰਾਸ਼ਟਰੀ ਮਹਿਲਾ ਕਾਨਫਰੰਸ ਦੇ ਡੈਲੀਗੇਟਾਂ ਨੂੰ ਸੰਬੋਧਨ ਕਰ ਰਹੇ ਸਨ। ਰਾਸ਼ਟਰਪਤੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਹਿਲਾਵਾਂ ਨੂੰ ਬੇਖੌਫ਼ ਹੋਣਾ ਚਾਹੀਦਾ ਏ, ਆਸਵੰਦ ਟੀਚੇ ਤੈਅ ਕਰਨੇ ਚਾਹੀਦੇ ਨੇ,

ਰੁਕਾਵਟਾਂ ਨੂੰ ਤੋੜਨਾ ਚਾਹੀਦਾ ਏ ਅਤੇ ਰੂੜੀਵਾਦੀ ਸੋਚ ਨੂੰ ਚੁਣੌਤੀ ਦੇਣੀ ਚਾਹੀਦੀ ਏ. ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ, ਹਰ ਮਨੁੱਖ ਨੂੰ ਹਮਦਰਦੀ, ਪਿਆਰ ਅਤੇ ਏਕਤਾ ਵਰਗੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਸੁਚੇਤ ਤੌਰ 'ਤੇ ਵਾਧੂ ਯਤਨ ਕਰਨ ਦੀ ਜ਼ਰੂਰਤ ਏ. ਰਾਸ਼ਟਰਪਤੀ ਨੇ ਇਸ ਗੱਲ ਵਲ ਧਿਆਨ ਦਵਾਇਆ ਕਿ ਔਰਤਾਂ ਵਿੱਚ, ਹਮਦਰਦੀ ਨਾਲ ਅਗਵਾਈ ਕਰਨ ਦੀ ਵਿਸ਼ੇਸ਼ ਯੋਗਤਾ ਹੁੰਦੀ ਏ। ਮਾਨਸਿਕ ਸਿਹਤ ਦੀ ਅਹਿਮੀਅਤ 'ਤੇ ਜ਼ੋਰ ਦਿੰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਮਾਨਸਿਕ ਤੰਦਰੁਸਤੀ ਕਿਸੇ ਵੀ ਮਹਿਲਾ ਦੀ ਸਾਰਥਕ ਜੀਵਨ ਜਿਊਣ ਅਤੇ ਪਰਿਵਾਰ, ਸਮਾਜ ਅਤੇ ਦੁਨੀਆ ਵਿੱਚ ਯੋਗਦਾਨ ਪਾਉਣ ਦੀ ਯੋਗਤਾ ਲਈ ਬੁਨਿਆਦੀ ਵਜੋਂ ਏ।

---------------------------------------------------------------

ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਅੱਜ ਚੰਡੀਗੜ੍ਹ ਵਿੱਚ, ਹਰਿਆਣਾ ਵਿਧਾਨ ਸਭਾ ਦੇ ਮੈਂਬਰਾਂ ਲਈ ਸੰਸਦੀ ਲੋਕਰਾਜ ਖੋਜ ਅਤੇ ਸਿਖਲਾਈ ਸੰਸਥਾ ਦੇ ਸਹਿਯੋਗ ਨਾਲ ਕਰਾਏ ਗਏ ਇੱਕ ਓਰੀਐਂਟੇਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਕਲਿਆਣ, ਡਿਪਟੀ ਸਪੀਕਰ ਕ੍ਰਿਸ਼ਨਾ ਮਿੱਢਾ, ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਉੱਤਰ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਸਤੀਸ਼ ਮਹਾਨਾ, ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਗਿਆਨ ਚੰਦ ਗੁਪਤਾ ਅਤੇ ਕਾਂਗਰਸ ਵਿਧਾਇਕ ਭਾਰਤ ਭੂਸ਼ਣ ਬੱਤਰਾ ਹਾਜ਼ਰ ਸਨ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਨੂੰ ਮਾਣ ਦਾ ਪਲ ਦੱਸਿਆ ਅਤੇ ਕਿਹਾ ਕਿ ਵਿਧਾਨ ਸਭਾ ਲੋਕਰਾਜ ਦਾ ਮਜ਼ਬੂਤ ਥੰਮ ਏ ।ਲੋਕ ਸਭਾ ਸਪੀਕਰ ਓਮ ਬਿਰਲਾ ਨੇ ਵੀ ਆਪਣੇ ਸੰਬੋਧਨ ਵਿੱਚ ਸੰਸਦੀ ਪ੍ਰਣਾਲੀ ਦੀ ਅਹਿਮੀਅਤ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਨੂੰ ਕਾਂਗਰਸ ਵਿਧਾਇਕ ਭਾਰਤ ਭੂਸ਼ਣ ਬੱਤਰਾ, ਉੱਤਰ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਸਤੀਸ਼ ਮਹਾਨਾ ਅਤੇ ਹਰਿਆਣਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਕ੍ਰਿਸ਼ਨਾ ਮਿੱਢਾ ਨੇ ਵੀ ਸੰਬੋਧਨ ਕੀਤਾ।

---------------------------------------------------------

ਰੂਪਨਗਰ ਸਥਿਤ ਰਾਸ਼ਟਰੀ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਸੰਸਥਾਨ ਵਿਖੇ ਸੰਚਾਰ, ਇਲੈਕਟ੍ਰਾਨਿਕਸ ਅਤੇ ਡਿਜੀਟਲ

ਤਕਨਾਲੋਜੀਆਂ 'ਤੇ ਤੀਜੀ, ਦੋ ਦਿਨਾਂ ਅੰਤਰ-ਰਾਸ਼ਟਰੀ ਕਾਨਫਰੰਸ ਅੱਜ ਤੋਂ ਸ਼ੁਰੂ ਹੋ ਗਈ ਏ। ਇਹ ਕਾਨਫਰੰਸ 14 ਤੇ 15 ਫਰਵਰੀ ਦੋ ਦਿਨ ਚੱਲੇਗੀ। ਇਸ ਮੌਕੇ ਵੱਖ-ਵੱਖ ਸੂਚਨਾ ਤਕਨਾਲੋਜੀ ਅਤੇ ਇਲੈਕਟ੍ਰਾਨਿਕ ਤਕਨਾਲੋਜੀਆਂ 'ਤੇ 8 ਟਰੈਕ ਹੋਣਗੇ। ਇਸ  ਕਾਨਫਰੰਸ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ ਉਦਯੋਗਾਂ, ਅਕਾਦਮਿਕ ਅਤੇ ਹੋਰ ਖੇਤਰਾਂ ਦੇ ਭਾਗੀਦਾਰ ਸ਼ਾਮਲ ਹੋ ਰਹੇ ਨੇ। ਇਹ ਕਾਨਫਰੰਸ ਖੇਤਰਾਂ ਵਿੱਚ ਕੰਮ ਕਰਨ ਵਾਲੇ ਪੇਸ਼ੇਵਰਾਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਆਪਸ ਵਿੱਚ ਗੱਲਬਾਤ ਕਰਨ, ਆਪਣਾ ਕੰਮ ਪੇਸ਼ ਕਰਨ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਲਈ ਇੱਕ ਮੰਚ  ਪ੍ਰਦਾਨ ਕਰੇਗੀ। ਮੋਹਾਲੀ ਸਥਿਤ ਭਾਰਤੀ ਵਿਗਿਆਨ ਤੇ ਖੋਜ ਸੰਸਥਾਨ ਦੇ ਡਾਇਰੈਕਟਰ ਡਾ ਅਨਿਲ ਕੁਮਾਰ ਨੇ ਮੁਖ ਮਹਿਮਾਨ ਵਜੋਂ ਸ਼ਿਰਕਤ ਕੀਤੀ।  ਇਸਤੋਂ ਇਲਾਵਾ ਸਿਖਿਆ ਖੇਤਰ ਦੇ ਮਾਹਰ ਵੀ ਹਿੱਸਾ ਲੈ ਰਹੇ ਨੇ।

---------------------------------------------------------

ਪੰਜਾਬ ਵਿੱਚ ਇਸ ਸਾਲ ਦੀ ਸਭ ਤੋਂ ਵੱਡੀ ਹੈਰੋਇਨ ਬਰਾਮਦਗੀ ਵਿੱਚ, ਸੂਬਾ ਪੁਲਿਸ ਨੇ ਇੱਕ ਨਸ਼ਾ ਤਸਕਰ ਦੇ ਕਬਜ਼ੇ ਵਿੱਚੋਂ 30 ਕਿਲੋਗ੍ਰਾਮ

ਹੈਰੋਇਨ ਬਰਾਮਦ ਕੀਤੀ ਏ । ਇਹ ਤਸ੍ਕਰ ਅੰਮ੍ਰਿਤਸਰ ਵਿੱਚ ਇਹ ਖੇਪ ਪਹੁੰਚਾਉਣ ਜਾ ਰਿਹਾ ਸੀ । ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਖੁਲਾਸਾ ਕੀਤਾ ਏ ਕਿ ਗ੍ਰਿਫਤਾਰ ਤਸਕਰ ਗੁਰਸਿਮਰਨ-ਜੀਤ ਸਿੰਘ, ਜਿਸ ਨੂੰ ਡਰੋਨ ਰਾਹੀਂ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਮਿਲੀ ਸੀ, ਵੱਡੇ ਪੱਧਰ 'ਤੇ ਹੈਰੋਇਨ ਦੀ ਤਸਕਰੀ ਵਿੱਚ ਸ਼ਾਮਲ ਸੀ। ਇਸ ਤਸਕਰੀ ਦੀ ਕਾਰਵਾਈ ਵਿੱਚ ਸ਼ਾਮਲ ਸਰੋਤ ਅਤੇ ਵੰਡ ਨੈਟਵਰਕ ਬਾਰੇ ਹੋਰ ਵੇਰਵੇ ਇਕੱਠੇ ਕਰਨ ਲਈ ਅੱਗੇ ਪੁੱਛ-ਗਿੱਛ ਜਾਰੀ ਏ । ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ ਵੀ ਏ ।

---------------------------------------------------

ਦੇਸ਼ ਅੱਜ ਸਾਲ 2019 ਦੇ ਪੁਲਵਾਮਾ ਹਮਲੇ ਵਿੱਚ ਸ਼ਹੀਦ ਹੋਏ ਜਵਾਨਾਂ ਨੂੰ ਯਾਦ ਕਰ ਰਿਹਾ ਏ । ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2019 ਵਿੱਚ ਪੁਲਵਾਮਾ ਹਮਲੇ ਵਿੱਚ, ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਏ ਕਿ, ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀ ਕੁਰਬਾਨੀ ਅਤੇ ਰਾਸ਼ਟਰ ਪ੍ਰਤੀ ਉਨ੍ਹਾਂ ਦੇ ਅਟੁੱਟ ਸਮਰਪਣ ਨੂੰ ਕਦੇ ਨਹੀਂ ਭੁੱਲਣਗੀਆਂ।

ਛੇ ਸਾਲ ਪਹਿਲਾਂ, ਅੱਜ ਦੇ ਹੀ ਦਿਨ ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲੇ 'ਚ, ਦਹਿਸ਼ਤਗਰਦੀ ਹਮਲਾ ਹੋਇਆ ਸੀ, ਜਿਸ 'ਚ CRPF ਦੇ 40 ਜਵਾਨ ਸ਼ਹੀਦ ਹੋ ਗਏ ਸਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ, ਨਰੇਂਦਰ ਮੋਦੀ ਸਰਕਾਰ ਦਹਿਸ਼ਤਗਰਦੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਵਚਨਬੱਧ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਸ਼ਾਹ ਨੇ 2019 ਵਿੱਚ ਪੁਲਵਾਮਾ ਹਮਲੇ ਵਿੱਚ, ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਦਹਿਸ਼ਤਗਰਦੀ ਸਮਾਜ ਦਾ ਸਭ ਤੋਂ ਵੱਡਾ ਦੁਸ਼ਮਣ ਏ ਅਤੇ ਪੂਰੀ ਦੁਨੀਆ ਇਸ ਵਿਰੁੱਧ ਇਕਜੁੱਟ ਏ। ਸ਼੍ਰੀ ਸ਼ਾਹ ਨੇ ਕਿਹਾ ਕਿ, ਬੀਜੇਪੀ ਦੀ ਅਗਵਾਈ ਵਾਲੀ, NDA ਸਰਕਾਰ ਨੇ ਦਹਿਸ਼ਤਗਰਦੀ ਖ਼ਿਲਾਫ਼ ਸਖ਼ਤ ਨੀਤੀ ਅਪਣਾਈ ਏ।

---------------------------------------------------

ਅੱਜ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ, ਐਨਸੀਸੀ ਕੈਡਿਟਾਂ, ਐਨਐਸਐਸ ਕੈਡਿਟਾਂ ਅਤੇ ਵਿਦਿਆਰਥੀਆਂ ਨੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਅਤੇ ਸ਼ਹੀਦਾਂ ਦੇ ਸਰਵਉੱਚ ਬਲੀਦਾਨ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ।

ਰਾਜ ਸਭਾ ਮੈਂਬਰ ਅਤੇ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ, ਕਮਾਂਡਿੰਗ ਅਫ਼ਸਰ 2 ਪੰਜਾਬ ਐਨ.ਸੀ.ਸੀ. ਬਟਾਲੀਅਨ, ਕਰਨਲ ਵਿਨੋਦ ਜੋਸ਼ੀ ਅਤੇ ਅਧਿਆਪਕ ਵੀ ਯਾਦਗਾਰੀ ਸਮਾਰੋਹ ਵਿੱਚ ਮੌਜੂਦ ਸਨ। ਸ਼ਹੀਦਾਂ ਦੀਆਂ ਆਤਮਾਵਾਂ ਦੀ ਸ਼ਾਂਤੀ ਲਈ ਕੈਡਿਟਾਂ ਵੱਲੋਂ ਸ਼ਾਂਤੀ ਮਾਰਚ ਕੱਢਿਆ ਗਿਆ।

---------------------------------------------------

ਸੰਯੁਕਤ ਕਿਸਾਨ ਮੋਰਚਾ ( ਗੈਰ ਰਾਜਨੀਤਿਕ ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਕੇਂਦਰੀ ਮੰਤਰੀ PRAHLAD ਜੋਸ਼ੀ ਦੀ ਅਗਵਾਈ ‘ਚ ਕੇਂਦਰੀ ਦਲ ਨਾਲ ਅੱਜ ਚੰਡੀਗੜ੍ਹ’ਚ ਮੀਟਿੰਗ ਹੋ ਰਹੀ ਏ . ਮੀਟਿੰਗ ‘ਚ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਸਰਵਨ ਸਿੰਘ ਪੰਧੇਰ ਸਮੇਤ 28 ਕਿਸਾਨ ਹਿੱਸਾ ਲੈ ਰਹੇ ਨੇ. ਇਸ ਮੀਟਿੰਗ’ਚ ਮੁਖ ਸਕੱਤਰ, K A P ਸਿਨ੍ਹਾ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਨਾਲ ਕੈਬਿਨੇਟ ਮੰਤਰੀ ਲਾਲ ਚੰਦ ਕਟਾਰੂਚਕ ਵੀ ਹਿੱਸਾ ਲੈ ਰਹੇ ਨੇ

---------------------------------------------------

ਪੰਜਾਬ ਵਿੱਚ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ

ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਪੰਜਾਬੀਆਂ ਨੂੰ ਵਿਦੇਸ਼ੀ ਵਿਚ ਜਾਣ ਲਈ ਗੈਰ-ਕਾਨੂੰਨੀ ਤਰੀਕੇ ਨਾ ਅਪਣਾਉਣ ਲਈ, ਸੂਬੇ ਵਿੱਚ ਜਲਦੀ ਹੀ ਇੱਕ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਅਜਿਹਾ ਹਾਲ ਹੀ ਵਿੱਚ ਅਮਰੀਕਾ ਤੋਂ 104 ਭਾਰਤੀਆਂ ਦੇ ਦੇਸ਼ ਨਿਕਾਲੇ ਦੇ ਮੱਦੇਨਜ਼ਰ ਕੀਤਾ ਜਾ ਰਿਹਾ ਏ ਇਨ੍ਹਾਂ ਵਿੱਚੋਂ 30 ਪੰਜਾਬ ਨਾਲ ਸਬੰਧਤ ਸਨ। ਸਾਡੇ ਜਲੰਧਰ ਦੇ ਪੱਤਰਕਾਰ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਮੰਤਰੀ ਨੇ ਕਿਹਾ ਕਿ ਸਰਕਾਰ ਸੋਸ਼ਲ ਮੀਡੀਆ ਰਾਹੀਂ ਪਹਿਲਾਂ ਹੀ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ ਪਰ ਇਸ ਦੇ ਨਾਲ ਹੀ ਲੋਕਾਂ ਨੂੰ ਖੁਦ ਵੀ ਸਮਝਣਾ ਚਾਹੀਦਾ ਏ ਕਿ ਵਿਦੇਸ਼ ਜਾਣ ਲਈ ਗੈਰ-ਕਾਨੂੰਨੀ ਢੰਗਾਂ ਦੀ ਵਰਤੋਂ ਕਰਨ ਦੇ ਮਾੜੇ ਪ੍ਰਭਾਵਾਂ ਨੂੰ ਸਮਝਣਾ ਚਾਹੀਦਾ ਏ ।

---------------------------------------------------------------

ਵਿਸ਼ਵ ਦਾਲਾਂ ਦਿਵਸ ਮਨਾਉਣ ਲਈ,ਮੁਹਾਲੀ ਸਥਿਤ ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰ ਸਾਇੰਸਿਜ਼ ਨੇ "ਦਾਲਾਂ ਦੇ ਜੈਨੇਟਿਕ ਸਰੋਤਾਂ ਦੇ ਪ੍ਰਬੰਧਨ" ਵਿਸ਼ੇ 'ਤੇ ਇੱਕ

ਭਾਸ਼ਣ ਦਾ ਆਯੋਜਨ ਕੀਤਾ । ਸੀਨੀਅਰ ਵਿਗਿਆਨੀ ਡਾ: ਕੁਲਦੀਪ ਤ੍ਰਿਪਾਠੀ ਨੇ ਵਿਸ਼ੇ ਜਾਣਕਾਰੀ ਦਿਤੀ । ਆਲਮੀ ਸਿਹਤ, ਭੋਜਨ ਸੁਰੱਖਿਆ, ਅਤੇ ਵਾਤਾਵਰਣ ਸਥਿਰਤਾ ਲਈ ਮੁੱਖ ਹੱਲ ਪ੍ਰਦਾਨ ਕਰਨ ਲਈ ਦਾਲਾਂ ਦੇ ਫਾਇਦਿਆਂ ਨੂੰ ਉਜਾਗਰ ਕੀਤਾ । ਉਹਨਾਂ ਦੱਸਿਆ ਕਿ ਦਾਲਾਂ ਦੀ ਕਾਸ਼ਤ ਕਰਕੇ ਅਤੇ ਉਹਨਾਂ ਨੂੰ ਆਪਣੀ ਰੋਜ਼ਾਨਾ ਖੁਰਾਕ ਵਿੱਚ ਸ਼ਾਮਲ ਕਰਕੇ ਕੁਪੋਸ਼ਣ ਨੂੰ ਦੂਰ ਕੀਤਾ ਜਾ ਸਕਦਾ ਏ ।

---------------------------------------------------------------

ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ ਵਿਖੇ ਹੋਈ ਕਨਵੋਕੇਸ਼ਨ ਦੌਰਾਨ ਬਿਜਲੀ ਅਤੇ ਲੋਕ ਨਿਰਮਾਣ ਹਰਭਜਨ ਸਿੰਘ ਈਟੀਓ ਨੇ ਕਰੀਬ 2000 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ । ਕੈਬਨਟ ਮੰਤਰੀ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਧਾਈ ਦਿੰਦਿਆਂ ਕਿਹਾ ਕਿ ਉਹ ਆਪਣੀ ਅਗਲੀ ਜ਼ਿੰਦਗੀ ਵਿੱਚ ਹਮੇਸ਼ਾ ਅੱਗੇ ਵਧਣ ਲਈ ਮਿਹਨਤ ਕਰਨ । ਉਹਨਾਂ ਕਿਹਾ ਕਿ ਡਿਗਰੀ ਪ੍ਰਾਪਤ ਕਰਨ ਵਾਲਾ ਦਿਨ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਡਾ ਮਿਹਨਤ ਭਰਿਆ ਦਿਨ ਹੁੰਦਾ ਏ । ਉਨ੍ਹਾਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼

ਰਹੇਗੀ ਕਿ ਵੱਧ ਤੋਂ ਵੱਧ ਨੌਜਵਾਨ ਆਪਣੇ ਹੀ ਸੂਬੇ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਅਤੇ ਵਿਦੇਸ਼ਾਂ ਵੱਲ ਜਾਣ ਦੀ ਨਾ ਸੋਚਣ। ਯੂਨੀਵਰਸਿਟੀ ਦੇ ਚਾਂਸਲਰ ਡਾ. ਜੋਰਾ ਸਿੰਘ ਨੇ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਗਈ।

-------------------------------------------------

38ਵੀਂ ਰਾਸ਼ਟਰੀ ਖੇਡਾਂ ਅੱਜ ਉਤਰਾਖੰਡ ਦੇ ਹਲਦਵਾਨੀ ਵਿੱਚ ਸਮਾਪਤ ਹੋ ਗਈਆਂ। ਸਮਾਪਤੀ ਸਮਾਗਮ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਗ੍ਰਹਿ ਮੰਤਰੀ ਨੇ ਕਿਹਾ।

**BYTE:**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 28 ਜਨਵਰੀ ਨੂੰ ਦੇਹਰਾਦੂਨ ਦੇ ਮਹਾਰਾਣਾ ਪ੍ਰਤਾਪ ਸਪੋਰਟਸ ਕਾਲਜ ਵਿੱਚ ਰਾਸ਼ਟਰੀ ਖੇਡਾਂ ਦਾ ਉਦਘਾਟਨ ਕੀਤਾ ਸੀ। ਸਰਵਿਸਿਜ਼ ਸਪੋਰਟਸ ਕੰਟਰੋਲ ਬੋਰਡ ਇਸ ਵੇਲੇ ਤਗਮਿਆਂ ਦੀ ਸੂਚੀ ਵਿੱਚ ਸਭ ਤੋਂ ਅੱਗੇ ਏ। ਇਹ ਪੰਜਵੀਂ ਵਾਰ ਏ, ਜਦੋਂ ਬੋਰਡ ਨੇ ਪਿਛਲੀਆਂ 6 ਰਾਸ਼ਟਰੀ ਖੇਡਾਂ ਵਿੱਚ ਇਹ ਪ੍ਰਾਪਤੀ

ਹਾਸਲ ਕੀਤੀ ਏ। ਇਸੇ ਤਰਾਂ ਹਰਿਆਣਾ 48 ਸੋਨੇ ਦੇ 47 ਚਾਂਦੀ ਦੇ 58 ਕਾਂਸੀ ਦੇ ਤਮਗਿਆਂ ਸਮੇਤ ਕੁਲ 153 ਤਮਗਿਆਂ ਨਾਲ ਤੀਜੇ ਜਦਕਿ ਪੰਜਾਬ 15 ਸੋਨੇ ਦੇ 20 ਚਾਂਦੀ ਦੇ 31 ਕਾਂਸੀ ਦੇ ਤਮਗਿਆਂ ਸਮੇਤ ਕੁਲ 66 ਤਮਗਿਆਂ ਨਾਲ ਨੌਵੇਂ ਸਥਾਨ ਤੇ ਬਣਿਆ ਹੋਇਆ ਏ।

ਪੇਸ਼ ਏ ਇਕ ਰਿਪੋਰਟ :

ਪੰਜਾਬ ਕੰਟੀਨਜੈਂਟ ਵਲੋਂ 333 ਖਿਡਾਰੀਆਂ ਨੇ ਇਨਾ ਖੇਡਾਂ ਦੀਆਂ 15 ਸ਼੍ਰੇਣੀਆਂ ਵਿਚ ਹਿੱਸਾ ਲਿਆ ਸੀ । ਇਹਨਾਂ ਸ਼੍ਰੇਣੀਆਂ ਵਿੱਚ ਖਿਡਾਰੀਆਂ ਨੇ ,ਅਥਲੈਟਿਕਸ ਵਿੱਚ ਸਭ ਤੋਂ ਵੱਧ 7 ਸੋਨੇ ਦੇ ਨਿਸ਼ਾਨੇਬਾਜੀ ਅਤੇ ਤੀਰ ਅੰਦਾਜੀ ਵਿੱਚ ਚਾਰ-ਚਾਰ ਅਤੇ ਭਾਰ ਚੁੱਕਣ ਦੇ ਮੁਕਾਬਲੇ ਵਿੱਚ 3 ਸੋਨੇ ਦੇ ਤਮਗੇ ਜਿੱਤੇ ਨੇ । ਜਦਕਿ ਸਾਈਕਲਿੰਗ , ਭਾਰ ਚੁੱਕਣ, ਵੂਸ਼ੂ ,ਬਾਸਕਟਬਾਲ, ਜੂਡੋ ਅਤੇ ਕੁਸ਼ਤੀ ਵਿੱਚ ਇੱਕ-ਇੱਕ ਸੋਨੇ ਦਾ ਤਮਗਾ ਜਿਤਿਆ ਏ। ਇਸੇ ਤਰ੍ਹਾਂ ਸਾਈਕਲਿੰਗ ਅਤੇ ਤਲਵਾਰਬਾਜੀ ਵਿੱਚ ਸਭ ਤੋਂ ਵੱਧ ਪੰਜ -ਪੰਜ ਚਾਂਦੀ ਦੇ ਤਮਗੇ ਅਤੇ ਭਾਰ ਚੁੱਕਣ, ਅਥਲੈਟਿਕਸ ਅਤੇ ਜੂਡੋ ਵਿੱਚ 3-3 ਚਾਂਦੀ ਦੇ ਤਮਗੇ ਹਾਸਲ ਕੀਤੇ ਨੇ। 38ਵੀਆਂ

ਰਾਸ਼ਟਰੀ ਖੇਡਾਂ ਵਿੱਚ ਕੁੱਲ 1523 ਤਮਗੇ ਪ੍ਰਦਾਨ ਕੀਤੇ ਗਏ ਨੇ ਜੋ ਕਿ ਈ-ਵੇਸਟ ਤੋਂ ਬਣਾਏ ਗਏ ਨੇ। ਪੰਜਾਬ 37ਵੀਆਂ ਰਾਸ਼ਟਰੀ ਖੇਡਾਂ ਵਿੱਚ 75 ਤਮਗਿਆਂ ਨਾਲ 11ਵੇਂ ਅਤੇ 36ਵੀਆਂ ਰਾਸ਼ਟਰੀ ਖੇਡਾਂ ਵਿੱਚ 76 ਤਮਗਿਆਂ ਨਾਲ 10ਵੇਂ ਸਥਾਨ ਤੇ ਰਿਹਾ ਸੀ। ਇਹਨਾਂ ਖੇਡਾਂ ਦੀ ਸਮਾਪਤੀ ਤੋਂ ਬਾਅਦ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਰਾਸ਼ਟਰੀ ਖੇਡਾਂ ਦਾ ਝੰਡਾ ਮੇਘਾਲਿਆ ਦੇ ਮੁੱਖ ਮੰਤਰੀ ਨੂੰ ਸੌਂਪਿਆ, ਜੋ 39ਵੀਂ ਰਾਸ਼ਟਰੀ ਖੇਡਾਂ ਦੇ ਮੇਘਾਲਿਆ ਵਿੱਚ ਖੇਡੇ ਜਾਣ ਦਾ ਪ੍ਰਤੀਕ ਏ। ਰਾਜੇਸ਼ ਬਾਲੀ ,ਆਕਾਸ਼ਵਾਣੀ ਖਬਰਾਂ ਜਲੰਧਰ

-----------------------------------------------

## ਆਖਿਰ 'ਚ ਖਾਸ ਖਬਰਾਂ ਇਕ ਵਾਰ ਫਿਰ ਤੋਂ

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਔਰਤਾਂ ਨੂੰ ਵੱਡੇ ਸੁਪਨੇ ਦੇਖਣ ਅਤੇ ਉਨਾਂ ਨੂੰ ਹਕੀਕਤ'ਚ ਬਦਲਣ ਲਈ ਹਿੰਮਤ, ਤਾਕਤ ਅਤੇ ਸਮਰੱਥਾ ਇਕੱਠੀ ਕਰਨ ਦੀ ਕੀਤੀ ਅਪੀਲ।

- ਲੋਕ ਸਭਾ ਸਪੀਕਰ ਓਮ ਬਿਰਲਾ ਨੇ ਚੰਡੀਗੜ੍ਹ ਵਿੱਚ, ਹਰਿਆਣਾ ਵਿਧਾਨ ਸਭਾ ਦੇ ਮੈਂਬਰਾਂ ਲਈ  ਇੱਕ ਓਰੀਐਂਟੇਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।
- ਰਾਸ਼ਟਰੀ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਸੰਸਥਾਨ ਰੂਪਨਗਰ ਵਿਖੇ ਸੰਚਾਰ, ਇਲੈਕਟ੍ਰਾਨਿਕਸ ਅਤੇ ਡਿਜੀਟਲ ਕਨਾਲੋਜੀਆਂ 'ਤੇ ਤੀਜੀ, ਦੋ ਦਿਨਾਂ ਅੰਤਰ-ਰਾਸ਼ਟਰੀ ਕਾਨਫਰੰਸ ਅੱਜ ਤੋਂ ਸ਼ੁਰੂ ਹੋਈ।
- ਪੰਜਾਬ ਪੁਲਿਸ ਨੇ ਇੱਕ ਨਸ਼ਾ ਤਸਕਰ ਤੋਂ ਇਸ ਸਾਲ ਦੀ ਹੁਣ ਤਕ ਦੀ  ਸਬ ਤੋਂ ਵਡੀ 30 ਕਿਲੋ ਹੈਰੋਇਨ ਦੀ ਖੇਪ ਕੀਤੀ ਬਰਾਮਦ ।
- ਦੇਸ਼ ਅੱਜ ਪੁਲਵਾਮਾ ਹਮਲੇ ਵਿੱਚ ਸ਼ਹੀਦ ਹੋਏ ਜਵਾਨਾਂ ਨੂੰ ਯਾਦ ਕਰ ਰਿਹਾ ਏ- ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ, ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ।
- ੩੮ਵੀਂ ਰਾਸ਼ਟਰੀ ਖੇਡਾਂ ਅੱਜ ਉਤਰਾਖੰਡ ਦੇ ਹਲਦਵਾਨੀ ਵਿੱਚ ਹੋਈਆਂ ਸਮਾਪਤ ।